# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਸਮੱਗਰਾ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,

ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ
ਫੋਨ ਨੰ:0172-5212364 Website: www.ssapunjab.org


ਵੱਲ,

(1) ਡੀ.ਪੀ.ਆਈ. (ਸੈ.ਸਿ.), ਪੰਜਾਬ।
(2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ।
(3) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।
(4) ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ : ਸਸਅ/ਐਮਸੀ/2019/ 10580 6
ਮਿਤੀ : 03-04-2019

ਵਿਸ਼ਾ :- **"Twinning of Schools" Exchange Program- regarding.**

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਦੇ ਸਮੂਹ ਅੱਪਰ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਪ੍ਰਾਈਵੇਟ ਸਕੂਲਾਂ (ਸੀ.ਬੀ.ਐਸ.ਈ., ਆਈ.ਸੀ.ਐਸ.ਈ. ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲ) ਦੇ ਵਿਦਿਆਰਥੀਆਂ ਨਾਲ ਮਈ 2019 ਵਿੱਚ Twinning of Schools" Exchange Program ਕਰਵਾਇਆ ਜਾਣਾ ਹੈ। ਇਸ ਪ੍ਰੋਗਰਾਮ ਅਧੀਨ ਸਰਕਾਰੀ ਸਕੂਲਾਂ ਦੇ ਛੇਵੀਂ, ਸਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ (10 ਵਿਦਿਆਰਥੀ ਛੇਵੀਂ ਜਮਾਤ ਦੇ, 10 ਵਿਦਿਆਰਥੀ ਸਤਵੀਂ ਜਮਾਤ ਦੇ ਅਤੇ 10 ਵਿਦਿਆਰਥੀ ਅੱਠਵੀਂ ਜਮਾਤ ਦੇ) ਨੂੰ ਇਹਨਾਂ ਸਕੂਲਾਂ ਦੀ ਵਿਜ਼ਿਟ ਕਰਵਾਈ ਜਾਵੇਗੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਵੀ ਸਰਕਾਰੀ ਸਕੂਲਾਂ ਦੀ ਵਿਜ਼ਿਟ ਕਰਨਗੇ। "Twinning with Schools" Exchange Program 2 ਦਿਨ ਦਾ ਹੋਵੇਗਾ। ਮਈ ਮਹੀਨੇ ਵਿੱਚ ਕਿਸੇ ਇੱਕ ਦਿਨ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਪ੍ਰਾਈਵੇਟ ਸਕੂਲਾਂ ਦੀ ਵਿਜ਼ਿਟ ਕਰਨਗੇ ਅਤੇ ਕਿਸੇ ਦੂਸਰੇ ਦਿਨ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਸਰਕਾਰੀ ਸਕੂਲਾਂ ਦੀ ਵਿਜ਼ਿਟ ਕਰਨਗੇ। ਇਸ ਪ੍ਰੋਗਰਾਮ ਅਧੀਨ ਇਹਨਾਂ ਸਕੂਲਾਂ ਦੇ ਵਿਦਿਆਰਥੀ ਇੱਕ ਦੂਜੇ ਸਕੂਲ ਦੀਆਂ best practices share ਕਰਨਗੇ। ਇਹ ਪ੍ਰੋਗਰਾਮ ਕਰਵਾਉਣ ਲਈ ਪ੍ਰਾਈਵੇਟ ਸਕੂਲ ਅਤੇ ਸਰਕਾਰੀ ਸਕੂਲਾਂ ਦੇ ਨਾਮਾਂ ਦੀ ਪੱਤਰ ਨਾਲ ਨੱਥੀ ਹੈ।

2.0 ਇਸ ਪ੍ਰੋਗਰਾਮ ਅਧੀਨ ਭਾਗ ਲੈਣ ਵਾਲੇ ਵਿਦਿਆਰਥੀ ਖਾਣਾ ਮਿਡ-ਡੇ-ਮੀਲ ਵਿੱਚੋਂ ਖਾਉਣਗੇ। ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ./ਸੈ.ਸਿ.) ਇਸ ਗੱਲ ਦਾ ਧਿਆਨ ਰੱਖਣਗੇ ਕਿ ਇਸ ਪ੍ਰੋਗਰਾਮ ਅਧੀਨ ਵਿਦਿਆਰਥੀਆਂ ਦੇ ਖਾਣੇ, ਪੀਣ ਦੇ ਪਾਣੀ ਅਤੇ ਹੋਰ ਸੁਵਿਧਾਵਾਂ ਦਾ ਉਚਿਤ ਪ੍ਰਬੰਧ ਹੋਵੇ।

3.0 ਇਸ ਪ੍ਰੋਗਰਾਮ ਅਧੀਨ ਸਰਕਾਰੀ ਸਕੂਲਾਂ ਦੇ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਵਾਈਆਂ ਜਾਣਗੀਆਂ।

- ਅੱਧੀ ਛੁੱਟੀ ਤੋਂ ਪਹਿਲਾਂ ਵੱਖ-ਵੱਖ ਵਿਸ਼ਿਆਂ ਜਿਵੇਂ ਕਿ ਪਾਣੀ ਬਚਾਓ, ਊਰਜਾ ਸੁਰੱਖਿਅਣ, ਵਾਤਾਵਰਣ ਸੁਰੱਖਿਅਣ, ਸਵੱਛਤਾ ਅਭਿਆਨ ਤੇ ਡਰਾਇੰਗ/ਪੇਂਟਿੰਗ ਮੁਕਾਬਲਾ, ਮੈਥ, ਸਾਇੰਸ, ਸਮਾਜਿਕ ਸਿੱਖਿਆ ਅਤੇ ਅੰਗਰੇਜ਼ੀ ਵਿਸ਼ਿਆਂ ਤੇ ਕੁਇਜ਼ ਮੁਕਾਬਲਾ ਅਤੇ ਵਿਦਿਆਰਥੀਆਂ ਦਾ ਲਿਖਾਈ ਸਬੰਧੀ ਮੁਕਾਬਲਾ/ਲੇਖ ਮੁਕਾਬਲਾ/Map Filling ਮੁਕਾਬਲੇ ਕਰਵਾਏ ਜਾ ਸਕਦੇ ਹਨ।
- ਅੱਧੀ ਛੁੱਟੀ ਤੋਂ ਬਾਅਦ ਵਿਦਿਆਰਥੀਆਂ ਵਿੱਚ ਕਲਚਰ ਪ੍ਰੋਗਰਾਮ ਜਿਵੇਂ ਕਿ ਭੰਗੜਾ, ਗਿੱਧਾ, ਲੋਕ ਗੀਤ ਅਤੇ ਵਰਾਸਤੀ ਖੇਡਾਂ ਜਿਵੇ ਕਿ ਛੂਣ-ਛੁਹਾਈ, ਕੋਟਲਾ ਛਪਾਕੀ, ਬਿੱਲੀ ਚੂਹਾ, ਲੀਡਰ ਲੱਭਣਾਂ, ਖੋਹ-ਖੋਹ, ਸਟਾਪੂ/ਪੀਚੋ ਬੱਕਰੀ, ਲੰਗੜੀ ਟੰਗ, ਅੰਨਾ ਝੋਟਾ ਆਦਿ ਕਰਵਾਈਆਂ ਜਾਣਗੀਆਂ। ਸ਼ਰੀਰਕ ਸਿੱਖਿਆ ਅਧਿਆਪਕ ਵੱਲੋਂ ਵਿਦਿਆਰਥੀਆਂ ਨੂੰ ਸ਼ਰੀਰ ਦੀ ਸਫਾਈ ਅਤੇ ਪੌਸ਼ਟਿਕ ਖਾਣਿਆਂ ਫਾਇਦੇ ਅਤੇ ਫਾਸਟ ਫੂਡ ਖਾਉਣ ਦੇ ਨੁਕਸਾਨ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ ਵਿਦਿਆਰਥੀਆਂ ਨਿਮਨ ਅਨੁਸਾਰ ਜਾਣਕਾਰੀ Share ਕਰਨਗੇ:

1) Share experience and learn jointly from them.
2) Visit places of interest, explore local craft, art & music and participation in celebration of local festivals.

3) Develop a sense of inter dependence and understanding towards each other, recognize gap and make effort of bridge them.
4) Share the activity of reading writing skills and so some competition between them.

4.0 ਉੱਕਤ ਪ੍ਰੋਗਰਾਮ ਮਈ 2019 ਵਿੱਚ ਕਰਵਾਇਆ ਜਾਣਾ ਹੈ। ਸਮੂਹ ਸਕੂਲ ਮੁੱਖੀ ਆਪਣੇ ਨਾਲ Twinning ਵਾਲੇ ਪ੍ਰਾਈਵੇਟ ਸਕੂਲ (ਲਿਸਟ ਵਿੱਚ ਦਰਜ ਅਨੁਸਾਰ) ਨਾਲ ਰਾਬਤਾ ਕਾਇਮ ਕਰਕੇ ਸ਼ਡਿਊਲ (ਕਿਸ ਦਿਨ ਵਿਜ਼ਿਟ ਕੀਤੀ ਜਾਵੇਗੀ) ਤਿਆਰ ਕਰਕੇ ਇਸ ਸਬੰਧੀ ਸੂਚਨਾਂ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.) ਨੂੰ ਪੱਤਰ ਜਾਰੀ ਹੋਣ ਤੇ 10 ਦਿਨ ਦੇ ਅੰਦਰ-ਅੰਦਰ ਭੇਜਣਗੇ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.) ਆਪਣੇ ਜ਼ਿਲ੍ਹੇ ਦੇ ਸਮੂਹ ਸਕੂਲਾਂ ਦਾ ਸ਼ਡਿਊਲ ਕੰਪਾਈਲ ਕਰਕੇ ਇਸ ਦੀ ਰਿਪੋਰਟ ਅਪ੍ਰੈਲ ਮਹੀਨੇ ਦੇ ਆਖਰੀ ਹਫਤੇ ਤੱਕ ਹੈਡ ਆਫਿਸ ਦੀ ਈ-ਮੇਲ id ssascience41@gmail.com ਤੇ ਭੇਜਣਾ ਯਕੀਨੀ ਬਣਾਉਣਗੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ